Royal College of Obstetricians & Gynaecologists

# ਤੁਹਾਡੇ ਲਈ ਜਾਣਕਾਰੀ

## ਤੀਬਰ ਪੇਡੂ ਸੋਜਸ਼ ਰੋਗ

### ਇਸ ਜਾਣਕਾਰੀ ਬਾਰੇ

ਇਹ ਜਾਣਕਾਰੀ ਤੁਹਾਡੇ ਲਈ ਹੈ ਜੇਕਰ ਤੁਸੀਂ ਤੀਬਰ ਪੇਡੂ ਸੋਜਸ਼ ਰੋਗ (ਪੀ ਆਈ ਡੀ) ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਇਸਦੀ ਜਾਂਚ ਕਿਵੇਂ ਕੀਤੀ ਜਾਂਦੀ ਹੈ ਅਤੇ ਇਸਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ। ਇਹ ਜਾਣਕਾਰੀ ਤਾਂ ਵੀ ਸਹਾਇਕ ਹੋ ਸਕਦੀ ਹੈ ਜੇ ਤੁਹਾਡੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਦੀ ਇਹ ਹਾਲਤ ਹੈ।

ਇਸ ਲੀਫ਼ਲੈੱਟ ਦੇ ਅੰਦਰ ਅਸੀਂ 'ਔਰਤ' ਅਤੇ 'ਔਰਤਾਂ' ਸ਼ਬਦਾਂ ਦਾ ਇਸਤੇਮਾਲ ਕਰ ਸਕਦੇ ਹਾਂ। ਹਾਲਾਂਕਿ, ਸਿਰਫ ਉਹ ਹੀ ਲੋਕ ਨਹੀਂ ਹਨ ਜੋ ਆਪਣੀ ਪਛਾਣ ਨੂੰ ਔਰਤ ਦੇ ਰੂਪ ਵਿੱਚ ਮੰਨਦੇ ਹਨ ਜੋ ਇਸ ਲੀਫ਼ਲੈੱਟ ਦੀ ਵਰਤੋਂ ਕਰਨਾ ਚਾਹੁਣਗੇ। ਤੁਹਾਡੀ ਲਿੰਗੀ ਪਛਾਣ ਚਾਹੇ ਜੋ ਵੀ ਹੋਵੇ, ਤੁਹਾਡੀ ਦੇਖਭਾਲ ਨੂੰ ਤੁਹਾਡੀਆਂ ਜ਼ਰੂਰਤਾਂ ਅਨੁਸਾਰ ਵਿਅਕਤੀਗਤ, ਸੰਮਲਿਤ ਅਤੇ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ।

ਸਾਰੇ ਡਾਕਟਰੀ ਸ਼ਬਦਾਂ ਦੀ ਇੱਕ ਸ਼ਬਦਾਵਲੀ ਰਾਇਲ ਕਾਲਜ ਆਫ਼ ਔਬਸਟੈਟ੍ਰਿਸ਼ੀਅਨਜ਼ ਐਂਡ ਗਾਇਨੀਕੌਲੋਜਿਸਟਸਵੈਬਸਾਈਟ 'ਤੇ ਉਪਲਬਧ ਹੈ:


https://www.rcog.org.uk/for-the-public/a-z-of-medical-terms/.

### ਮੁੱਖ ਨੁਕਤੇ

- ਪੇਡੂ ਸੋਜਸ਼ ਰੋਗ (ਪੀ ਆਈ ਡੀ) ਪੇਡੂ ਅੰਗਾਂ ਦੀ ਜਲਨ ਹੈ।
- ਰੋਗ-ਪਛਾਣ ਆਮ ਤੌਰ 'ਤੇ ਲੱਛਣਾਂ, ਜਾਂਚ ਅਤੇ ਟੈਸਟ ਦੇ ਨਤੀਜਿਆਂ 'ਤੇ ਅਧਾਰਤ ਹੁੰਦਾ ਹੈ।
- ਤੀਬਰ ਪੀ ਆਈ ਡੀ ਦਾ ਆਮ ਤੌਰ 'ਤੇ ਐਂਟੀਬਾਇਓਟਿਕ ਦਵਾਈਆਂ ਨਾਲ ਸਫਲਤਾਪੂਰਵਕ ਇਲਾਜ ਕੀਤਾ ਜਾਂਦਾ ਹੈ। ਵਿਰਲੇ ਹੀ, ਸਰਜੀਕਲ ਇਲਾਜ ਦੀ ਲੋੜ ਪੈਂਦੀ ਹੈ।
- ਇਹ ਸਲਾਹਯੋਗ ਹੈ ਕਿ ਜਦੋਂ ਤੱਕ ਤੁਸੀਂ ਅਤੇ ਤੁਹਾਡਾ ਸਾਥੀ, ਇਲਾਜ ਅਤੇ ਉਸਦੇ ਬਾਦ ਦੇ ਉਪਚਾਰ ਦਾ ਕੋਰਸ ਪੂਰਾ ਨਹੀਂ ਕਰ ਲੈਂਦੇ ਉਦੋਂ ਤੱਕ ਕੋਈ ਵੀ ਸਰੀਰਕ ਸੰਪਰਕ ਹੋਣ ਤੋਂ ਪਰਹੇਜ਼ ਕਰੋ।

# ਪੇਡੂ ਸੋਜਸ਼ ਰੋਗ ਕੀ ਹੈ?

ਪੇਡੂ ਸੋਜਸ਼ ਰੋਗ (ਪੀ ਆਈ ਡੀ) ਪੇਡੂ ਅੰਗਾਂ ਦੀ ਜਲਨ ਹੈ। ਇਹ ਆਮ ਤੌਰ 'ਤੇ ਯੋਨੀ ਅਤੇ ਬੱਚੇਦਾਨੀ ਦੇ ਮੂੰਹ ਤੋਂ ਲੈ ਕੇ ਬੱਚੇਦਾਨੀ (ਕੁੱਖ), ਫ਼ੈਲੋਪੀਅਨ ਟਿਊਬਾਂ, ਅੰਡਕੋਸ਼ ਅਤੇ ਪੇਡੂ ਖੇਤਰ ਤੱਕ ਲਾਗ ਫੈਲਣ ਕਾਰਨ ਹੁੰਦਾ ਹੈ। ਗੰਭੀਰ ਹੋਣ 'ਤੇ, ਇਹ ਪੇਡੂ ਦੇ ਅੰਦਰ ਇੱਕ ਫੋੜੇ (ਪੱਸ ਦੇ ਸੰਗ੍ਰਹਿ) ਦਾ ਕਾਰਨ ਬਣ ਸਕਦਾ ਹੈ।




# 'ਤੀਬਰ' ਪੇਡੂ ਸੋਜਸ਼ ਰੋਗ ਕੀ ਹੈ?

ਤੀਬਰ ਪੀ ਆਈ ਡੀ ਉਹ ਜਲਨ ਹੈ ਜੋ ਬੱਚੇਦਾਨੀ, ਫ਼ੈਲੋਪੀਅਨ ਟਿਊਬਾਂ, ਅੰਡਕੋਸ਼ ਅਤੇ ਪੇਡੂ ਖੇਤਰ ਤੇ ਕਿਸੇ ਲਾਗ ਕਾਰਨ ਹੁੰਦੀ ਹੈ। ਜੇ ਇਸ ਦਾ ਇਲਾਜ ਨਾ ਕੀਤਾ ਜਾਵੇ, ਤਾਂ ਭਵਿੱਖ ਵਿੱਚ ਇਹ ਪੇਟ ਸਬੰਧੀ ਦਰਦ ਅਤੇ ਜਣਨ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

ਕਈ ਵਾਰ ਜਲਨ ਲੰਬੇ ਸਮੇਂ ਤੱਕ ਜਾਰੀ ਰਹਿ ਸਕਦੀ ਹੈ ਅਤੇ ਇਸ ਨੂੰ ਪੁਰਾਣੀ ਪੀ ਆਈ ਡੀ ਵਜੋਂ ਜਾਣਿਆ ਜਾਂਦਾ ਹੈ (ਵੇਖੋ ਭਾਗ 'ਕੀ ਲੰਬੀ-ਮਿਆਦ ਦੇ ਕੋਈ ਪ੍ਰਭਾਵ ਹਨ?')।

# ਤੀਬਰ ਪੀ ਆਈ ਡੀ ਦਾ ਕਾਰਨ ਕੀ ਹੈ?

ਪੀ ਆਈ ਡੀ ਦੇ ਸਭ ਤੋਂ ਸੰਭਾਵਿਤ ਕਾਰਨ ਹਨ, ਬਿਨਾਂ ਇਲਾਜ ਦੇ ਜਿਨਸੀ ਤੌਰ 'ਤੇ ਫੈਲਣ ਵਾਲੀ ਲਾਗ(ਐਸ ਟੀ ਆਈ) ਜਿਵੇਂ ਕਿ ਕਲੈਮੀਡੀਆ ਜਾਂ ਸੁਜਾਕ ਅਤੇ ਯੂਕੇ ਵਿੱਚ ਇਹ ਕੇਸਾਂ ਦਾ ਇੱਕ ਚੌਥਾਈ ਹਿੱਸਾ ਹਨ। ਜਿਨਸੀ ਤੌਰ 'ਤੇ ਸਰਗਰਮ ਜਵਾਨ ਔਰਤਾਂ ਵਿੱਚ ਤੀਬਰ ਪੀ ਆਈ ਡੀ ਜਿਆਦਾ ਆਮ ਹੈ। ਪੀ ਆਈ ਡੀ ਬਹੁਤ ਸਾਰੇ ਆਮ ਲਾਗਾਂ ਕਾਰਨ ਵੀ ਹੋ ਸਕਦੀ ਹੈ ਜੋ ਜਿਨਸੀ ਤੌਰ ਤੇ ਸੰਚਾਰਿਤ ਹੋ ਸਕਦੇ ਹਨ, ਜਾਂ ਨਹੀਂ ਵੀ ਹੋ ਸਕਦੇ।

ਕਦੇ-ਕਦਾਈਂ, ਪੀ ਆਈ ਡੀ ਇਹ ਘਟਨਾਵਾਂ ਤੋਂ ਬਾਅਦ ਵੀ ਵਿਕਸਿਤ ਹੋ ਸਕਦਾ ਹੈ ਜਿਵੇਂ ਕਿ ਗਰਭਪਾਤ ਜਾਂ ਗਰਭ ਅਵਸਥਾ ਦੀ ਸਮਾਪਤੀ, ਬੱਚੇ ਹੋਣ 'ਤੇ ਜਾਂ ਕਿਸੇ ਪ੍ਰਕਿਰਿਆ ਤੋਂ ਬਾਅਦ ਜਿਵੇਂ ਇੱਕ ਯੋਨੀ ਜੰਤਰ (ਆਈ ਯੂ ਡੀ) ਜਾਂ ਤਾਰ ਨੂੰ ਪਾਉਣਾ।

# ਤੀਬਰ ਪੀ ਆਈ ਡੀ ਦੇ ਲੱਛਣ ਕੀ ਹੁੰਦੇ ਹਨ?

ਕਈ ਵਾਰ ਤੁਹਾਡੇ ਕੋਈ ਵੀ ਲੱਛਣ ਸਪੱਸ਼ਟ ਨਹੀਂ ਹੁੰਦੇ। ਤੁਹਾਨੂੰ ਹੇਠ ਲਿਖੇ ਇੱਕ ਜਾਂ ਵਧੇਰੇ ਲੱਛਣ ਹੋ ਸਕਦੇ ਹਨ, ਜੋ ਹਲਕੇ ਤੋਂ ਲੈਕੇ ਤੀਬਰ ਤੱਕ ਵੱਖ-ਵੱਖ ਹੋ ਸਕਦੇ ਹਨ:

- ਬਦਬੂਦਾਰ ਜਾਂ ਅਸਧਾਰਨ ਯੋਨੀ ਦਾ ਰਿਸਾਅ
- ਪੇਟ ਦੇ ਹੇਠਲੇ ਹਿੱਸੇ ਵਿੱਚ ਦਰਦ ਜੋ ਆਮ ਤੌਰ 'ਤੇ ਦੋਵੇਂ ਪਾਸੇ ਹੁੰਦਾ ਹੈ ਅਤੇ ਮਾਹਵਾਰੀ ਦੇ ਦਰਦ ਵਾਂਗ ਲੱਗ ਸਕਦਾ ਹੈ
- ਸੈਕਸ ਦੇ ਦੌਰਾਨ ਜਾਂ ਬਾਅਦ ਵਿੱਚ ਅੰਦਰ ਤਕ ਡੂੰਘਾ ਦਰਦ
- ਦੋ ਮਾਹਵਾਰੀ ਦੇ ਵਿਚਕਾਰ ਯੋਨੀ ਤੋਂ ਖ਼ੂਨ ਦਾ ਰਿਸਾਅ, ਸੈਕਸ ਤੋਂ ਬਾਅਦ ਖ਼ੂਨ ਨਿਕਲਣਾ, ਜਾਂ ਭਾਰੀ ਮਾਹਵਾਰੀ

- ਕਚਿਆਣ ਅਤੇ ਉਲਟੀਆਂ
- ਬੁਖਾਰ
- ਹੇਠਾਂ ਵੱਲ ਪਿੱਠ ਦਰਦ।

ਇਹਨਾਂ ਵਿੱਚੋਂ ਬਹੁਤ ਸਾਰੇ ਲੱਛਣ ਆਮ ਹਨ ਅਤੇ ਹੋਰ ਹਾਲਤ ਦੇ ਕਾਰਨ ਵੀ ਹੋ ਸਕਦੇ ਹਨ।

ਇਸਦਾ ਮਤਲਬ ਇਹ ਹੈ ਕਿ ਪੀ ਆਈ ਡੀ ਦੀ ਪਛਾਣ ਕਰਨਾ ਮੁਸ਼ਕਲ ਹੋ ਸਕਦਾ ਹੈ,ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਹੈ, ਤਾਂ ਜਲਦੀ ਤੋਂ ਜਲਦੀ ਡਾਕਟਰੀ ਸਲਾਹ ਲੈਣੀ ਜ਼ਰੂਰੀ ਹੈ।

## ਤੀਬਰ ਪੀ ਆਈ ਡੀ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?

ਤੁਹਾਡਾ ਡਾਕਟਰ ਤੁਹਾਨੂੰ ਤੁਹਾਡੇ ਲੱਛਣਾਂ ਅਤੇ ਤੁਹਾਡੇ ਮੈਡੀਕਲ ਅਤੇ ਜਿਨਸੀ ਇਤਿਹਾਸ ਬਾਰੇ ਪੁੱਛੇਗਾ। ਤੁਹਾਡੀ ਸਹਿਮਤੀ ਨਾਲ, ਤੁਹਾਡਾ ਡਾਕਟਰ ਯੋਨੀ (ਅੰਦਰੂਨੀ) ਜਾਂਚ ਵੀ ਕਰ ਸਕਦਾ ਹੈ। ਤੁਹਾਨੂੰ ਇਸਦੇ ਲਈ ਨਿਗਰਾਨੀ ਕਰਨ ਲਈ, ਇੱਕ ਮਹਿਲਾ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਜਾਂਚ ਕੁਝ ਬੇਅਰਾਮੀ ਦਾ ਕਾਰਨ ਬਣ ਸਕਦੀ ਹੈ, ਖ਼ਾਸਕਰ ਜੇ ਤੁਹਾਨੂੰ ਪੀ ਆਈ ਡੀ ਹੈ।

ਲਾਗ ਦੀ ਜਾਂਚ ਕਰਨ ਲਈ ਤੁਹਾਡੀ ਯੋਨੀ ਅਤੇ ਤੁਹਾਡੇ ਬੱਚੇਦਾਨੀ ਦੇ ਮੂੰਹ ਤੋਂ ਸਵੈਬ ਲਏ ਜਾ ਸਕਦੇ ਹਨ। ਨਤੀਜੇ ਵਾਪਸ ਆਉਣ ਲਈ ਆਮ ਤੌਰ 'ਤੇ ਕੁਝ ਦਿਨ ਲੱਗ ਜਾਂਦੇ ਹਨ।

- ਸਕਾਰਾਤਮਕ ਸਵੈਬ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਤੁਹਾਨੂੰ ਲਾਗ ਹੈ
- ਨਕਾਰਾਤਮਕ ਸਵੈਬ ਦਾ ਮਤਲਬ ਹੈ ਕਿ ਤੁਹਾਨੂੰ ਲਾਗ ਹੋਣ ਦੀ ਸੰਭਾਵਨਾ ਹੈ ਨਹੀਂ ਪਰ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਯਕੀਨੀ ਤੌਰ 'ਤੇ ਲਾਗ ਤੋਂ ਮੁਕਤ ਹੋ।

## ਹੋਰ ਟੈਸਟ

ਤੁਹਾਨੂੰ ਲਾਗ ਦੀ ਜਾਂਚ ਕਰਨ ਲਈ ਖੂਨ ਦੇ ਟੈਸਟ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਤੁਹਾਨੂੰ ਪਿਸ਼ਾਬ ਦੇ ਨਮੂਨੇ ਲਈ ਕਿਹਾ ਜਾ ਸਕਦਾ ਹੈ। ਮਨੁੱਖੀ ਇਮਿਊਨੋਡੈਫ਼ੀਸ਼ੈਂਸੀ ਵਾਇਰਸ ਦੇ ਟੈਸਟ ਲਈ ਵੀ ਸਲਾਹ ਦਿੱਤੀ ਜਾ ਸਕਦੀ ਹੈ।

ਜੇ ਤੁਹਾਡੇ ਗਰਭਵਤੀ ਹੋਣ ਦੀ ਸੰਭਾਵਨਾ ਹੈ, ਤਾਂ ਤੁਹਾਨੂੰ ਗਰਭ ਅਵਸਥਾ ਦੀ ਜਾਂਚ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਹ ਇਸ ਲਈ ਹੈ ਕਿਉਂਕਿ ਕਈ ਹੋਰ ਹਾਲਤ ਵੀ ਜਿਵੇਂ ਕਿ ਅਸਥਾਨਕ ਗਰਭਾਵਸਥਾ (ਜਦੋਂ ਗਰਭ ਅਵਸਥਾ ਕੁੱਖ ਤੋਂ ਬਾਹਰ ਵਿਕਸਤ ਹੁੰਦਾ ਹੈ) ਪੀ ਆਈ ਡੀ ਦੇ ਸਮਾਨ ਲੱਛਣ ਪੈਦਾ ਕਰ ਸਕਦੀਆਂ ਹਨ।

ਜੇ ਤੁਹਾਡੇ ਡਾਕਟਰ ਨੂੰ ਸ਼ੱਕ ਹੈ ਕਿ ਤੁਹਾਨੂੰ ਗੰਭੀਰ ਲਾਗ ਹੈ, ਤਾਂ ਤੁਹਾਨੂੰ ਅੱਗੇ ਦੇ ਟੈਸਟਾਂ ਅਤੇ ਇਲਾਜ ਲਈ ਤੁਹਾਡੇ ਸਥਾਨਕ ਹਸਪਤਾਲ ਭੇਜਿਆ ਜਾਵੇਗਾ। ਤੁਹਾਨੂੰ ਅਲਟ੍ਰਾਸਾਉਂਡ ਸਕੈਨ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਇਹ ਆਮ ਤੌਰ 'ਤੇ ਬੱਚੇਦਾਨੀ (ਕੁੱਖ), ਫ਼ੈਲੋਪੀਅਨ ਟਿਊਬਾਂ ਅਤੇ ਅੰਡਕੋਸ਼ ਨੂੰ ਬਹੁਤ ਨੇੜਿਓਂ ਦੇਖਣ ਲਈ ਇੱਕ ਯੋਨੀ ਦੇ ਪਾਰ ਤੋਂ ਸਕੈਨ ਹੈ (ਜਿੱਥੇ ਤੁਹਾਡੀ ਯੋਨੀ ਵਿੱਚ ਹੌਲੀ-ਹੌਲੀ ਜਾਂਚ ਜੰਤਰ ਪਾਇਆ ਜਾਂਦਾ ਹੈ)। ਇਹ ਸੁੱਜੀਆਂ ਫ਼ੈਲੋਪੀਅਨ ਟਿਊਬਾਂ ਜਾਂ ਫੋੜੇ ਦਾ ਪਤਾ ਲਗਾਉਣ ਵਿੱਚ ਮਦਦ ਕਰ ਸਕਦਾ ਹੈ।

## ਤੀਬਰ ਪੀ ਆਈ ਡੀ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਪੇਸ਼ ਕੀਤੇ ਗਏ ਖਾਸ ਇਲਾਜ ਬਾਰੇ ਜਾਣਕਾਰੀ ਦੇ ਸਕਦੇ ਹਨ; ਇਸ ਵਿੱਚ ਸੰਭਾਵਿਤ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।

ਤੁਹਾਨੂੰ ਆਮ ਤੌਰ 'ਤੇ ਐਂਟੀਬਾਇਓਟਿਕ ਦਾ ਟੀਕਾ ਦਿੱਤਾ ਜਾਵੇਗਾ ਅਤੇ ਉਸ ਤੋਂ ਬਾਅਦ ਐਂਟੀਬਾਇਓਟਿਕ ਗੋਲੀਆਂ ਦਾ 2 ਹਫ਼ਤਿਆਂ ਦਾ ਕੋਰਸ ਹੋਵੇਗਾ। ਇਲਾਜ ਆਮ ਤੌਰ 'ਤੇ ਗਰਭ-ਨਿਰੋਧ ਜਾਂ ਗਰਭ ਅਵਸਥਾ ਵਿੱਚ ਦਖਲ ਨਹੀਂ ਦਿੰਦਾ। ਆਪਣੇ ਐਂਟੀਬਾਇਓਟਿਕ ਦਵਾਈਆਂ ਦੇ ਕੋਰਸ ਨੂੰ ਪੂਰਾ ਕਰਨਾ ਬਹੁਤ ਮਹੱਤਵਪੂਰਨ ਹੈ ਭਾਵੇਂ ਤੁਸੀਂ ਬਿਹਤਰ ਮਹਿਸੂਸ ਕਰ ਰਹੇ ਹੋਵੋ। ਕੋਰਸ ਪੂਰਾ ਕਰਨ ਵਾਲੀਆਂ ਜ਼ਿਆਦਾਤਰ ਔਰਤਾਂ ਨੂੰ ਲੰਬੀ-ਮਿਆਦ ਵਾਲੀ ਕੋਈ ਸਿਹਤ ਦੀ ਸਮੱਸਿਆ ਜਾਂ ਜਣਨ ਸਮੱਸਿਆ ਨਹੀਂ ਹੁੰਦੀ।

ਤੁਹਾਨੂੰ ਦਰਦ ਤੋਂ ਰਾਹਤ ਲਈ ਦਵਾਈ ਵੀ ਦਿੱਤੀ ਜਾ ਸਕਦੀ ਹੈ। ਤੁਹਾਡੇ ਲੱਛਣਾਂ ਵਿੱਚ ਸੁਧਾਰ ਹੋਣ ਤੱਕ ਤੁਹਾਨੂੰ ਆਰਾਮ ਕਰਨਾ ਚਾਹੀਦਾ ਹੈ। ਜੇ ਉਹ ਵਧਦੇ ਹਨ ਜਾਂ ਇਲਾਜ ਦੇ ਬਾਅਦ 48 ਤੋਂ 72 ਘੰਟੇ ਵਿੱਚ ਸੁਧਾਰ ਨਹੀਂ ਹੁੰਦਾ ਹੈ, ਤਾਂ ਤੁਸੀਂ ਆਪਣੇ ਡਾਕਟਰ ਨਾਲ ਫਿਰ ਮਿਲ ਸਕਦੇ ਹੋ।

ਜੇਕਰ ਤੁਹਾਨੂੰ ਕੋਈ ਗੰਭੀਰ ਲਾਗ ਹੈ, ਤਾਂ ਤੁਹਾਨੂੰ ਲੈਪਰੋਸਕੋਪੀ ਨਾਮਕ ਇੱਕ ਸਧਾਰਨ ਸੁੰਨ ਕਰਨ ਵਾਲੀ ਦਵਾਈ ਦੇ ਤਹਿਤ ਓਪਰੇਸ਼ਨ ਦੀ ਲੋੜ ਹੋ ਸਕਦੀ ਹੈ, ਜਿਸਨੂੰ ਕੀਹੋਲ ਸਰਜਰੀ ਵੀ ਕਿਹਾ ਜਾਂਦਾ ਹੈ। ਡਾਕਟਰ ਛੋਟੇ-ਛੋਟੇ ਕਟੌਤੀਆਂ ਕਰਕੇ ਤੁਹਾਡੇ ਪੇਡੂ ਨੂੰ ਦੇਖਣ ਲਈ ਇੱਕ ਛੋਟੀ ਦੂਰਬੀਨ ਦੀ ਵਰਤੋਂ ਕਰਦਾ ਹੈ ਜਿਸਨੂੰ ਲੈਪਰੋਸਕੋਪ ਕਿਹਾ ਜਾਂਦਾ ਹੈ, ਆਮ ਤੌਰ 'ਤੇ ਤੁਹਾਡੀ ਨਾਭੀ ਦੀ ਨਾਲ(ਪੇਟ ਬਟਨ) ਵਿੱਚ ਅਤੇ ਬਿਕਨੀ ਲਾਈਨ ਦੇ ਬਿਲਕੁਲ ਉੱਪਰ ਛੋਟੇ ਕੱਟਾਂ ਦੁਆਰਾ ਤੁਹਾਡੇ ਪੇਡੂ ਨੂੰ ਦੇਖਣ ਲਈ। ਲੈਪਰੋਸਕੋਪੀ ਪੀ ਆਈ ਡੀ ਦਾ ਪਛਾਣ ਕਰਨ ਵਿੱਚ ਮਦਦ ਕਰ ਸਕਦੀ ਹੈ ਅਤੇ ਇਸਦੀ ਵਰਤੋਂ ਪੇਡੂ ਦੇ ਫੋੜੇ ਨੂੰ ਕੱਢਣ ਲਈ ਕੀਤੀ ਜਾ ਸਕਦੀ ਹੈ। (ਰਾਇਲ ਕਾਲਜ ਆਫ਼ ਔਬਸਟੈਟ੍ਰਿਸ਼ੀਅਨਜ਼ ਐਂਡ ਗਾਇਨੀਕੋਲੋਜਿਸਟਸ ਮਰੀਜ਼ ਬਾਰੇ ਜਾਣਕਾਰੀ ਲੈਪਰੋਸਕੋਪੀ ਨੂੰ ਦੇਖੋ, ਜੋ ਇੱਥੇ ਉਪਲਬਧ ਹੈ: https://www.rcog.org.uk/for-the-public/browse-all-patient-information-leaflets/laparoscopy-recovering-well-patient-information-leaflet/)

# ਮੈਨੂੰ ਇਲਾਜ ਕਦੋਂ ਸ਼ੁਰੂ ਕਰਨਾ ਚਾਹੀਦਾ ਹੈ?

ਤੁਹਾਨੂੰ ਐਂਟੀਬਾਇਓਟਿਕ ਦਵਾਈਆਂ ਨੂੰ ਤਜਵੀਜ਼ ਹੁੰਦੇ ਹੀ ਲੈਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ, ਭਾਵੇਂ ਤੁਹਾਡੇ ਟੈਸਟ ਦੇ ਨਤੀਜੇ ਵਾਪਸ ਨਾ ਆਏ ਹੋਣ। ਇਹ ਇਸ ਲਈ ਹੈ ਕਿਉਂਕਿ ਕੋਈ ਵੀ ਦੇਰੀ ਲੰਬੀ-ਮਿਆਦ ਦੇ ਸਿਹਤ ਸਮੱਸਿਆਵਾਂ ਦੇ ਖਤਰੇ ਨੂੰ ਵਧਾ ਸਕਦੀ ਹੈ (ਵੇਖੋ ਸੈਕਸ਼ਨ 'ਕੀ ਕੋਈ ਲੰਬੇ ਸਮੇਂ ਦੇ ਪ੍ਰਭਾਵ ਹਨ?')।

# ਮੈਨੂੰ ਕਿਉਂ ਹਸਪਤਾਲ ਦੇ ਇਲਾਜ ਦੀ ਲੋੜ ਹੋ ਸਕਦੀ ਹਾਂ?

ਤੁਹਾਡਾ ਡਾਕਟਰ ਹਸਪਤਾਲ ਵਿੱਚ ਇਲਾਜ ਦੀ ਸਿਫਾਰਸ਼ ਕਰਦਾ ਹੈ ਜੇ:

- ਤੁਹਾਡੇ ਰੋਗ-ਪਛਾਣ ਅਸਪੱਸ਼ਟ ਹੈ
- ਤੁਸੀਂ ਬਹੁਤ ਬੀਮਾਰ ਹੋ
- ਉਹਨਾਂ ਨੂੰ ਤੁਹਾਡੀ ਫੈਲੋਪਿਅਨ ਟਿਊਬ ਅਤੇ/ਜਾਂ ਅੰਡਾਸ਼ਯ ਵਿੱਚ ਫੋੜਾ ਹੋਣ ਦਾ ਸ਼ੱਕ ਹੈ
- ਤੁਸੀਂ ਗਰਭਵਤੀ ਹੋ
- ਤੁਸੀਂ ਐਂਟੀਬਾਇਓਟਿਕ ਦਵਾਈਆਂ ਦੀ ਖੁਰਾਕ ਦੇ ਸ਼ੁਰੂਆਤੀ ਕੁਝ ਦਿਨਾਂ ਵਿੱਚ ਸੁਧਾਰ ਨਹੀਂ ਕਰ ਰਹੇ ਹੋ
- ਤੁਸੀਂ ਐਂਟੀਬਾਇਓਟਿਕ ਦਵਾਈਆਂ ਲੈਣ ਲਈ ਅਸਮਰੱਥ ਹੋ।

ਜਦੋਂ ਤੁਸੀਂ ਹਸਪਤਾਲ ਵਿੱਚ ਹੁੰਦੇ ਹੋ ਤਾਂ ਐਂਟੀਬਾਇਓਟਿਕ ਦਵਾਈਆਂ ਨੂੰ ਇੰਟਰਾਵੇਨਸ ਰੂਪ ਵਿੱਚ ਦਿੱਤਾ ਜਾ ਸਕਦਾ ਹੈ (ਸਿਰੇ ਦੁਆਰਾ ਲੰਘ ਕੇ ਸੀਧੇ ਖੂਨ ਦਾ ਪ੍ਰਵਾਹ ਵਿੱਚ)। ਇਹ ਇਲਾਜ ਆਮ ਤੌਰ 'ਤੇ ਤੁਹਾਡੇ ਲੱਛਣਾਂ ਦੇ ਠੀਕ ਹੋਣ ਤੋਂ 24 ਘੰਟੇ ਬਾਅਦ ਜਾਰੀ ਰਹਿੰਦਾ ਹੈ। ਉਸ ਤੋਂ ਬਾਅਦ, ਤੁਹਾਨੂੰ ਐਂਟੀਬਾਇਓਟਿਕ ਦਵਾਈਆਂ ਦਾ ਕੋਰਸ ਵੀ ਦਿੱਤਾ ਜਾਵੇਗਾ।

# ਕੀ ਮੈਨੂੰ ਇੱਕ ਸਰਜਰੀ ਕਰਵਾਉਣ ਦੀ ਲੋੜ ਹੋਵੇਗੀ?

ਤੁਹਾਨੂੰ ਆਮ ਤੌਰ 'ਤੇ ਸਿਰਫ ਓਪਰੇਸ਼ਨ ਦੀ ਲੋੜ ਪਵੇਗੀ ਜੇਕਰ ਤੁਹਾਨੂੰ ਫੈਲੋਪੀਅਨ ਟਿਊਬ ਅਤੇ/ਜਾਂ ਅੰਡਾਸ਼ਯ ਵਿੱਚ ਗੰਭੀਰ ਲਾਗ ਜਾਂ ਫੋੜਾ ਹੈ। ਲੈਪਰੋਸਕੋਪੀ ਦੌਰਾਨ ਜਾਂ ਅਲਟਰਾਸਾਊਂਡ ਪ੍ਰਕਿਰਿਆ ਦੌਰਾਨ ਫੋੜਾ ਨਿਕਲ ਸਕਦਾ ਹੈ। ਡਾਕਟਰ ਇਹਨਾਂ ਇਲਾਜਾਂ ਬਾਰੇ ਤੁਹਾਡੇ ਨਾਲ ਵਧੇਰੇ ਵਿਸਥਾਰ ਵਿੱਚ ਚਰਚਾ ਕਰੇਗਾ।

# ਜੇ ਮੈਂ ਗਰਭਵਤੀ ਹਾਂ ਤਾਂ ਕੀ ਹੋਵੇਗਾ?

ਜਦੋਂ ਤੁਸੀਂ ਗਰਭਵਤੀ ਹੁੰਦੇ ਹੋ ਤਾਂ ਪੀ ਆਈ ਡੀ ਵਿਕਸਤ ਹੋਣਾ ਬਹੁਤ ਘੱਟ ਹੁੰਦਾ ਹੈ। ਗਰਭ ਅਵਸਥਾ ਵਿੱਚ ਕੁਝ ਐਂਟੀਬਾਇਓਟਿਕ ਦਵਾਈਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਅਤੇ ਤੁਹਾਨੂੰ ਐਂਟੀਬਾਇਓਟਿਕ ਦਵਾਈਆਂ ਤਜਵੀਜ਼ ਕੀਤੇ ਜਾਣਗੇ ਜੋ ਗਰਭ ਅਵਸਥਾ ਵਿੱਚ ਸੁਰੱਖਿਅਤ ਮੰਨੇ ਜਾਂਦੇ ਹਨ। ਪੀ ਆਈ ਡੀ ਲਈ ਤਜਵੀਜ਼ ਕੀਤੇ ਐਂਟੀਬਾਇਓਟਿਕ ਦਵਾਈਆਂ ਦੀ ਕਿਸਮ ਨਾਲ ਜੁੜੇ ਖਤਰੇ ਮਾਂ ਅਤੇ ਬੱਚੇ ਦੋਵਾਂ ਲਈ ਘੱਟ ਹਨ।

## ਜੇ ਮੇਰੇ ਕੋਲ ਇੱਕ ਅੰਦਰੂਨੀ ਗਰਭ ਨਿਰੋਧਕ ਡਿਵਾਈਸ (ਆਇ ਯੁ ਡੀ/ ਕੋਇਲ) ਹੈ ਤਾਂ ਕੀ ਹੋਵੇਗਾ?

ਜੇ ਇਲਾਜ ਸ਼ੁਰੂ ਕਰਨ ਦੇ ਕੁਝ ਦਿਨਾਂ ਦੇ ਅੰਦਰ ਪੀ ਆਈ ਡੀ ਦੇ ਤੁਹਾਡੇ ਲੱਛਣਾਂ ਵਿੱਚ ਸੁਧਾਰ ਨਹੀਂ ਹੁੰਦਾ ਹੈ ਅਤੇ ਤੁਹਾਡੇ ਕੋਲ ਆਇ ਯੁ ਡੀ ਹੈ, ਤਾਂ ਤੁਹਾਡਾ ਡਾਕਟਰ ਤੁਹਾਨੂੰ ਇਸ ਨੂੰ ਹਟਾਉਣ ਦੀ ਸਿਫਾਰਸ਼ ਕਰ ਸਕਦਾ ਹੈ। ਜੇਕਰ ਤੁਸੀਂ ਇਸਨੂੰ ਹਟਾਉਣ ਤੋਂ 7 ਦਿਨਾਂ ਪਹਿਲਾਂ ਸੈਕਸ ਕੀਤਾ ਹੈ, ਤਾਂ ਤੁਹਾਨੂੰ ਗਰਭ ਅਵਸਥਾ ਦਾ ਖਤਰਾ ਹੋਵੇਗਾ, ਅਤੇ ਐਮਰਜੈਂਸੀ ਹਾਰਮੋਨਲ ਗਰਭ-ਨਿਰੋਧ (ਸਵੇਰ-ਬਾਅਦ ਦੀ ਗੋਲੀ) ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।

## ਕੀ ਮੇਰੇ ਸਾਥੀ ਦਾ ਇਲਾਜ ਕੀਤਾ ਜਾਣਾ ਚਾਹੀਦਾ ਹੈ?

ਜੇਕਰ ਤੁਸੀਂ ਜਿਨਸੀ ਤੌਰ 'ਤੇ ਫੈਲਣ ਵਾਲੀ ਲਾਗ ਦੇ ਨਤੀਜੇ ਵਜੋਂ ਪੀ ਆਈ ਡੀ ਵਿਕਸਿਤ ਕੀਤਾ ਹੈ, ਤਾਂ ਪਿਛਲੇ 6 ਮਹੀਨਿਆਂ ਵਿੱਚ ਜਿਸ ਕਿਸੇ ਨਾਲ ਵੀ ਤੁਸੀਂ ਸੈਕਸ ਕੀਤਾ ਹੈ, ਉਸ ਦੀ ਲਾਗ ਲਈ ਜਾਂਚ ਕੀਤੀ ਜਾਣੀ ਚਾਹੀਦੀ ਹੈ, ਭਾਵੇਂ ਉਹ ਠੀਕ ਹੋਵੇ। ਤੁਸੀਂ ਖੁਦ ਉਹਨਾਂ ਨਾਲ ਸੰਪਰਕ ਕਰ ਸਕਦੇ ਹੋ ਜਾਂ, ਤੁਹਾਡਾ ਡਾਕਟਰ, ਸਥਾਨਕ ਜੈਨੀਟੋਰੀਨਰੀ ਮੈਡੀਸਨ (ਜੀ ਯੁ ਏਮ) ਕਲੀਨਿਕ ਜਾਂ ਜਿਨਸੀ ਸਿਹਤ ਕਲੀਨਿਕ ਇਸ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

## ਮੈਂ ਸੈਕਸ ਫਿਰ ਕਦੋਂ ਕਰ ਸਕਦੀ ਹਾਂ?

ਤੁਹਾਨੂੰ ਕਿਸੇ ਵੀ ਤਰ੍ਹਾਂ ਦੇ ਜਿਨਸੀ ਸੰਪਰਕ ਤੋਂ ਬਚਣਾ ਚਾਹੀਦਾ ਹੈ ਜਦੋਂ ਤੱਕ ਤੁਸੀਂ ਅਤੇ ਤੁਹਾਡੇ ਸਾਥੀ ਦੋਨਾਂ ਨੇ ਇਲਾਜ ਦਾ ਕੋਰਸ ਪੂਰਾ ਨਹੀਂ ਕਰ ਲਿਆ ਹੈ, ਮੁੜ ਲਾਗ ਤੋਂ ਬਚਣ ਲਈ।

## ਫਾਲੋ-ਅੱਪ ਬਾਰੇ ਕੀ?

ਜੇਕਰ ਤੁਹਾਨੂੰ ਦਰਮਿਆਨੀ ਤੋਂ ਗੰਭੀਰ ਲਾਗ ਹੈ, ਤਾਂ ਤੁਹਾਨੂੰ ਆਮ ਤੌਰ 'ਤੇ 3 ਦਿਨਾਂ ਬਾਅਦ ਕਲੀਨਿਕ 'ਤੇ ਵਾਪਸ ਜਾਣ ਲਈ ਮੁਲਾਕਾਤ ਦਿੱਤੀ ਜਾਵੇਗੀ। ਇਸ ਮੁਲਾਕਾਤ ਵਿੱਚ ਸ਼ਾਮਲ ਹੋਣਾ ਮਹੱਤਵਪੂਰਨ ਹੈ ਤਾਂ ਜੋ ਤੁਹਾਡਾ ਡਾਕਟਰ ਇਹ ਦੇਖ ਸਕੇ ਕਿ ਤੁਹਾਡੇ ਲੱਛਣ ਐਂਟੀਬਾਇਓਟਿਕ ਦਵਾਈਆਂ ਪ੍ਰਤੀ ਜਵਾਬ ਦੇ ਰਹੇ ਹਨ।

ਜੇਕਰ ਤੁਹਾਡੇ ਲੱਛਣਾਂ ਵਿੱਚ ਸੁਧਾਰ ਨਹੀਂ ਹੋ ਰਿਹਾ ਹੈ, ਤਾਂ ਤੁਹਾਨੂੰ ਹੋਰ ਜਾਂਚਾਂ ਅਤੇ ਇਲਾਜ ਲਈ ਹਸਪਤਾਲ ਜਾਣ ਦੀ ਸਲਾਹ ਦਿੱਤੀ ਜਾ ਸਕਦੀ ਹੈ।

- ਜੇਕਰ ਤੁਹਾਡੇ ਲੱਛਣਾਂ ਵਿੱਚ ਸੁਧਾਰ ਹੋ ਰਿਹਾ ਹੈ, ਤਾਂ ਤੁਹਾਨੂੰ ਜਾਂਚ ਕਰਨ ਲਈ ਆਮ ਤੌਰ 'ਤੇ 2-4 ਹਫ਼ਤਿਆਂ ਬਾਅਦ ਇੱਕ ਹੋਰ ਫਾਲੋ-ਅੱਪ ਮੁਲਾਕਾਤ ਦਿੱਤੀ ਜਾਵੇਗੀ:
- ਕਿ ਤੁਹਾਡਾ ਇਲਾਜ ਪ੍ਰਭਾਵਸ਼ਾਲੀ ਰਿਹਾ ਹੈ
- ਕੀ ਇਹ ਪੁਸ਼ਟੀ ਕਰਨ ਲਈ ਦੁਹਰਾਉਣ ਵਾਲੇ ਸਵੈਬ ਟੈਸਟ ਦੀ ਲੋੜ ਹੈ ਕਿ ਲਾਗ ਦਾ ਸਫਲਤਾਪੂਰਵਕ ਇਲਾਜ ਕੀਤਾ ਗਿਆ ਹੈ; ਇਹ ਖਾਸ ਤੌਰ 'ਤੇ ਮਹੱਤਵਪੂਰਨ ਹੈ ਜੇਕਰ ਤੁਹਾਡੇ ਕੋਲ ਚੱਲ ਰਹੇ ਲੱਛਣ ਹਨ
- ਕਿ ਤੁਹਾਡੇ ਕੋਲ ਪੀ ਆਇ ਡੀ ਦੇ ਲੰਬੀ-ਮਿਆਦ ਦੇ ਪ੍ਰਭਾਵਾਂ ਬਾਰੇ ਲੋੜੀਂਦੀ ਸਾਰੀ ਜਾਣਕਾਰੀ ਹੈ
- ਕੀ ਇੱਕ ਹੋਰ ਗਰਭ ਅਵਸਥਾ ਜਾਂਚ ਦੀ ਲੋੜ ਹੈ
- ਕਿ ਤੁਹਾਡੇ ਕੋਲ ਭਵਿੱਖੀ ਗਰਭ ਨਿਰੋਧਕ ਵਿਕਲਪਾਂ ਬਾਰੇ ਲੋੜੀਂਦੀ ਸਾਰੀ ਜਾਣਕਾਰੀ ਹੈ
- ਕਿ ਤੁਹਾਡੇ ਜਿਨਸੀ ਸਾਥੀ ਦਾ ਇਲਾਜ ਕੀਤਾ ਗਿਆ ਹੈ।

# ਕੀ ਤੀਬਰ ਪੀ ਆਈ ਡੀ ਦੇ ਕੋਈ ਲੰਬੀ-ਮਿਆਦ ਦੇ ਪ੍ਰਭਾਵ ਹਨ?

ਤੀਬਰ ਪੀ ਆਈ ਡੀ ਲਈ ਐਂਟੀਬਾਇਓਟਿਕ ਦਵਾਈਆਂ ਨਾਲ ਇਲਾਜ ਆਮ ਤੌਰ 'ਤੇ ਸਫਲ ਹੁੰਦਾ ਹੈ। ਲੰਬੀ-ਮਿਆਦ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਜੇ ਇਸਦਾ ਇਲਾਜ ਨਾ ਕੀਤਾ ਜਾਵੇ, ਜੇ ਇਲਾਜ ਵਿੱਚ ਦੇਰੀ ਹੋ ਜਾਂਦੀ ਹੈ, ਜਾਂ ਜੇ ਕੋਈ ਗੰਭੀਰ ਲਾਗ ਹੁੰਦੀ ਹੈ।

ਲੰਬੀ-ਮਿਆਦ ਦੇ ਪ੍ਰਭਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਭਵਿੱਖ ਵਿੱਚ ਅਸਥਾਨਕ ਗਰਭਾਵਸਥਾ ਦਾ ਵਧਿਆ ਹੋਇਆ ਖਤਰਾ
- ਗਰਭਵਤੀ ਹੋਣ ਵਿੱਚ ਮੁਸ਼ਕਲ
- ਫੈਲੋਪਿਅਨ ਟਿਊਬ ਅਤੇ/ਜਾਂ ਅੰਡਾਸ਼ਯ ਵਿੱਚ ਫੋੜਾ

ਤੁਹਾਡੇ ਹੇਠਲੇ ਪੇਟ ਵਿੱਚ ਲਗਾਤਾਰ ਦਰਦ; ਰਾਇਲ ਕਾਲਜ ਆਫ਼ ਔਬਸਟੈਟ੍ਰਿਸ਼ੀਅਨਜ਼ ਐਂਡ ਗਾਇਨੀਕੌਲੋਜਿਸਟਸ ਮਰੀਜ਼ ਬਾਰੇ ਜਾਣਕਾਰੀ ਦੇਖੋ ਪੁਰਾਣੀ(ਲੰਬੀ-ਮਿਆਦ ਦੇ) ਪੇਡੂ ਦਾ ਦਰਦ (https://www.rcog.org.uk/for-the-public/browse-our-patient-information/long-term-pelvic-pain/)।

ਪੀ ਆਈ ਡੀ ਦੀ ਵਾਰ-ਵਾਰ ਸਮੱਸਿਆ ਭਵਿੱਖ ਵਿੱਚ ਗਰਭ ਅਵਸਥਾ ਦੀਆਂ ਜਣਨ ਸਮੱਸਿਆ ਦੇ ਖਤਰੇ ਨੂੰ ਵਧਾਉਂਦੀ ਹੈ। ਕੰਡੋਮ ਦੀ ਵਰਤੋਂ ਕਰਕੇ ਹੋਰ ਲਾਗ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ ਅਤੇ ਇਹ ਯਕੀਨੀ ਬਣਾ ਕੇ ਕਿ ਤੁਸੀਂ ਅਤੇ ਤੁਹਾਡਾ ਜਿਨਸੀ ਸਾਥੀ ਠੀਕ ਹੋ ਗਏ ਹੋ।

# ਹੋਰ ਜਾਣਕਾਰੀ

ਬ੍ਰਿਟਿਸ਼ ਐਸੋਸੀਏਸ਼ਨ ਫਾਰ ਸੈਕਸੁਅਲ ਹੈਲਥ ਐਂਡ ਏਚ ਆਇ ਵਿ (ਬੀ ਏ ਏਸ ਏਚ ਏਚ) – ਯੂਕੇ ਨੈਸ਼ਨਲ ਗਾਈਡਲਾਈਨ ਫਾਰ ਦ ਮੈਨਜ੍ਮਨ੍ਟ ਓਫ ਪੇਲਵਿਕ ਇਨਫਲੇਮੇਟਰੀ ਡਿਜ਼ੀਜ਼: https://www.bashh.org/documents/3572.pdf

## ਇੱਕ ਚੋਣ ਬਣਾਉਣਾ




## ਸਰੋਤ ਅਤੇ ਮਾਨਤਾਵਾਂ

ਇਹ ਜਾਣਕਾਰੀ ਰਾਇਲ ਕਾਲਜ ਆਫ਼ ਔਬਸਟੈਟ੍ਰਿਸ਼ੀਅਨਜ਼ ਐਂਡ ਗਾਇਨੀਕੋਲੋਜਿਸਟਸ ਮਰੀਜ਼ਾਂ ਲਈ ਜਾਣਕਾਰੀ ਕਮੇਟੀ ਦੁਆਰਾ ਵਿਕਸਤ ਕੀਤੀ ਗਈ ਹੈ। ਇਹ ਬ੍ਰਿਟਿਸ਼ ਐਸੋਸੀਏਸ਼ਨ ਫਾਰ ਸੈਕਸੁਅਲ ਹੈਲਥ ਐਂਡ ਏਚ ਆਇ ਵਿ (ਬੀ ਏ ਏਸ ਏਚ ਏਚ) 2019 ਪ੍ਰਕਾਸ਼ਨ ਯੂਕੇ ਨੈਸ਼ਨਲ ਗਾਈਡਲਾਈਨ ਫਾਰ ਦ ਮੈਨਜ੍ਮਨ੍ਟ ਓਫ ਪੇਲਵਿਕ ਇਨਫਲੇਮੇਟਰੀ ਡਿਜ਼ੀਜ਼ 'ਤੇ ਆਧਾਰਿਤ ਹੈ, ਜੋ ਕਿ ਇੱਥੇ ਉਪਲਬਧ ਹੈ: https://www.bashhguidelines.org/media/1217/pid-update-2019.pdf.